# ਜਨਮ ਦੇਣ ਦੀ ਥਾਂ ਦੀਆਂ ਚੋਣਾਂ

ਅਲਬਰਟਾ ਐਸੋਸੀਏਸ਼ਨ ਔਫ ਮਿਡਵਾਈਵਜ਼ ਇਹ ਯਕੀਨ ਕਰਦੀ ਹੈ ਕਿ ਹਰ ਇਕ ਨੂੰ ਇਹ ਚੋਣ ਕਰਨ ਦਾ ਹੱਕ ਹੈ ਕਿ ਉਸ ਨੇ ਬੱਚੇ ਨੂੰ ਜਨਮ ਕਿੱਥੇ ਦੇਣਾ ਹੈ। ਸਿਰਫ ਮਿਡਵਾਈਵਜ਼ ਹੀ ਉਹ ਹੈਲਥ ਕੇਅਰ ਪ੍ਰੋਵਾਈਡਰਜ਼ ਹਨ ਜਿਹੜੀਆਂ ਜਨਮ ਦੇਣ ਦੀ ਥਾਂ ਦੀ ਚੋਣ ਕਰਨ ਦੀ ਪੇਸ਼ਕਸ਼ ਕਰਦੀਆਂ ਹਨ।

ਤੁਹਾਡੀ ਪ੍ਰੈਗਨੈਂਸੀ (ਗਰਭ) ਦੌਰਾਨ, ਤੁਹਾਡੀ ਮਿਡਵਾਈਫ ਬੱਚੇ ਨੂੰ ਜਨਮ ਦੇਣ ਦੀਆਂ ਤੁਹਾਡੀਆਂ ਚੋਣਾਂ ਬਾਰੇ ਤੁਹਾਡੇ ਨਾਲ ਗੱਲ ਕਰੇਗੀ, ਹਰ ਮਾਹੌਲ ਦੇ ਖਤਰਿਆਂ ਅਤੇ ਫਾਇਦਿਆਂ ਬਾਰੇ ਦੱਸੇਗੀ, ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗੀ ਅਤੇ ਤੁਹਾਨੂੰ ਉਹ ਜਾਣਕਾਰੀ ਦੇਵੇਗੀ ਜਿਸ ਦੀ ਤੁਹਾਨੂੰ ਜਾਣਕਾਰੀ ਲੈ ਕੇ ਇਹ ਫੈਸਲਾ ਕਰਨ ਦੀ ਲੋੜ ਹੈ ਕਿ ਤੁਸੀਂ ਕਿੱਥੇ ਸਭ ਤੋਂ ਜ਼ਿਆਦਾ ਸੁਰੱਖਿਅਤ ਅਤੇ ਆਰਾਮਦੇਹ ਮਹਿਸੂਸ ਕਰਦੇ ਹੋ। ਤੁਸੀਂ ਜਿਹੜੀ ਮਰਜ਼ੀ ਥਾਂ ਦੀ ਚੋਣ ਕਰੋ, ਤੁਹਾਡੀ ਮਿਡਵਾਈਫ ਤੁਹਾਡੀ ਓਨੀ ਹੀ ਖਾਸ ਸੰਭਾਲ ਕਰੇਗੀ।

ਅਲਬਰਟਾ ਵਿਚ, ਤਕਰੀਬਨ 68% ਲੋਕ ਹਸਪਤਾਲ ਵਿਚ ਬੱਚੇ ਨੂੰ ਜਨਮ ਦੇਣ ਦੀ ਪਲੈਨ ਬਣਾਉਂਦੇ ਹਨ। ਹਸਪਤਾਲ ਖਾਸ ਸੰਭਾਲ ਤੱਕ ਫੌਰਨ ਪਹੁੰਚ ਅਤੇ ਤੁਹਾਡੇ ਅਤੇ ਤੁਹਾਡੇ ਬੇਬੀ ਲਈ ਜ਼ਿਆਦਾ ਨਿਗਰਾਨੀ ਪ੍ਰਦਾਨ ਕਰਦੇ ਹਨ। ਅਲਬਰਟਾ ਵਿਚ ਰਜਿਸਟਰਡ ਸਾਰੀਆਂ ਮਿਡਵਾਈਵਜ਼ ਕੋਲ ਹਸਪਤਾਲ ਵਿਚਲੇ ਹੱਕ ਹਨ। ਜੇ ਤੁਹਾਡੇ ਵਿਚ ਖਾਸ ਉਲਝਣਾਂ ਪੈਦਾ ਹੋਣ ਦਾ ਜ਼ਿਆਦਾ ਖਤਰਾ ਹੋਵੇ ਤਾਂ ਬੱਚੇ ਨੂੰ ਹਸਪਤਾਲ ਵਿਚ ਜਨਮ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਜੇ ਤੁਸੀਂ ਘਰ ਵਿਚ ਬੱਚੇ ਨੂੰ ਜਨਮ ਦੇਣ ਬਾਰੇ ਪਤਾ ਲਾਉਣ ਨੂੰ ਤਰਜੀਹ ਦਿੰਦੇ ਹੋਵੋ ਤਾਂ ਅਲਬਰਟਾ ਵਿਚ ਮਿਡਵਾਈਵਜ਼ ਹੀ ਇੱਕੋ ਇਕ ਪ੍ਰਾਇਮਰੀ ਕੇਅਰ ਪ੍ਰੋਵਾਈਡਰਜ਼ ਹਨ ਜਿਨ੍ਹਾਂ ਨੂੰ ਘਰ ਵਿਚ ਬੱਚੇ ਨੂੰ ਸੁਰੱਖਿਅਤ ਤਰੀਕੇ ਨਾਲ ਜਨਮ ਦੇਣ ਵਿਚ ਔਰਤਾਂ ਦੀ ਮਦਦ ਕਰਨ ਲਈ ਵੱਡੇ ਪੱਧਰ 'ਤੇ ਸਿੱਖਿਆ ਅਤੇ ਟਰੇਨਿੰਗ ਮਿਲਦੀ ਹੈ। ਅਲਬਰਟਾ ਦੀ ਮਿਡਵਾਈਫਰੀ ਦੀਆਂ 25% ਕਲਾਇੰਟਸ ਘਰ ਵਿਚ ਜਨਮ ਦੇਣ ਦੀ ਪਲੈਨ ਬਣਾਉਂਦੀਆਂ ਹਨ। ਜੇ ਤੁਹਾਡੀ ਪ੍ਰੈਗਨੈਂਸੀ ਸਿਹਤਮੰਦ, ਘੱਟ ਖਤਰੇ ਵਾਲੀ ਹੋਵੇ ਤਾਂ ਖੋਜ ਨੇ ਇਹ ਦਿਖਾਇਆ ਹੈ ਕਿ ਬੱਚੇ ਨੂੰ ਘਰ ਵਿਚ ਜਨਮ ਦੇਣਾ ਤੁਹਾਡੇ ਅਤੇ ਤੁਹਾਡੇ ਬੇਬੀ ਲਈ ਹਸਪਤਾਲ ਜਿੰਨਾ ਹੀ ਸੁਰੱਖਿਅਤ ਹੈ।

ਅਲਬਰਟਾ ਵਿਚ ਗਰਭਵਤੀ ਔਰਤਾਂ ਲਈ ਉਪਲਬਧ ਇਕ ਤੀਜੀ ਚੋਣ ਬਰਥ ਸੈਂਟਰ ਹਨ। ਇਹ ਕਮਿਉਨਟੀ-ਆਧਾਰਿਤ, ਹੈਲਥ ਕੇਅਰ ਸੈਂਟਰ ਹਨ ਜਿਹੜੇ ਲੇਬਰ ਅਤੇ ਜਨਮ ਦੇਣ ਲਈ ਘਰ ਵਰਗਾ ਮਾਹੌਲ ਅਤੇ ਪਰਿਵਾਰ ਕੇਂਦਰਿਤ ਥਾਂ ਦਿੰਦੇ ਹਨ। ਕਿਸੇ ਬਰਥ ਸੈਂਟਰ ਵਿਚ ਜਨਮ ਦੇਣ ਲਈ, ਤੁਹਾਡਾ ਕਿਸੇ ਰਜਿਸਟਰਡ ਮਿਡਵਾਈਫ ਦੀ ਸੰਭਾਲ ਵਿਚ ਹੋਣਾ ਜ਼ਰੂਰੀ ਹੈ। ਇਸ ਵੇਲੇ, ਅਲਬਰਟਾ ਵਿਚ ਮਿਡਵਾਈਫਰੀ ਵਾਲੇ ਚਾਰ ਬਰਥ ਸੈਂਟਰ ਹਨ।


1.833.502.2176
info@alberta-midwives.ca
www.alberta-midwives.ca





## ਬਰਥ ਸੈਂਟਰ

- ਆਰਬਰ ਬਰਥ ਸੈਂਟਰ, ਕੈਲਗਰੀ
- ਲੁਸੀਨਾ ਬਰਥ ਸੈਂਟਰ, ਐਡਮੰਟਨ
- ਵੈੱਸਟ ਕੰਟਰੀ ਮਿਡਵਾਈਵਜ਼ ਬਰਥ ਸੂਈਟ, ਰੌਕ ਮਾਉਨਟੇਨ ਹਾਊਸ
- ਟ੍ਰੀ ਦੇ ਲਾ ਵੀ ਮਿਡਵਾਈਫਰੀ ਬਰਥ ਸੂਈਟ, ਪਲਾਮਾਡਾਨ

## ਹਸਪਤਾਲ, ਘਰ, ਬਰਥ ਸੈਂਟਰ – ਤੁਸੀਂ ਜਨਮ ਦੇਣਾ, ਤੁਸੀਂ ਚੋਣ ਕਰਨੀ

ALBERTA ASSOCIATION OF MIDWIVES